**News Release**

City of Mississauga
300 City Centre Drive
Mississauga, ON L5B 3C1

MISSISSAUGA

mississauga.ca facebook.com/citymississauga x.com/citymississauga

# ਕੀ ਤੁਸੀਂ Mississauga ਦੀਆਂ 2026 ਦੀਆਂ ਮਿਊਨਿਸਿਪਲ ਚੋਣਾਂ ਵਿੱਚ ਚੋਣ ਲੜਨ ਬਾਰੇ ਸੋਚ ਰਹੇ ਹੋ?

ਉਮੀਦਵਾਰਾਂ ਦੀ ਨਾਮਜ਼ਦਗੀ ਸ਼ੁੱਕਰਵਾਰ, 1 ਮਈ 2026 ਨੂੰ ਸਵੇਰੇ 8:30 ਵਜੇ ਸ਼ੁਰੂ ਹੋਵੇਗੀ।

24 ਅਪ੍ਰੈਲ, 2026

ਮਿਊਨਿਸਿਪਲ ਚੋਣਾਂ, Mississauga ਵਿੱਚ ਰੋਜ਼ਾਨਾ ਜੀਵਨ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀਆਂ ਹਨ। ਸੜਕਾਂ, ਪਾਰਕਾਂ, ਰਿਹਾਇਸ਼, ਲਾਇਬ੍ਰੇਰੀਆਂ ਅਤੇ ਕਮਿਊਨਿਟੀ ਪ੍ਰੋਗਰਾਮਾਂ ਬਾਰੇ ਫੈਸਲੇ, ਸਭ ਕੁਝ ਸਿਟੀ ਹਾਲ (City Hall) ਤੋਂ ਸ਼ੁਰੂ ਹੁੰਦਾ ਹੈ। ਇਸ ਲਈ ਕੌਂਸਲ ਦੇ ਮੈਂਬਰਾਂ (Members of Council) ਦੀ ਭੂਮਿਕਾ ਨੂੰ ਸਮਝਣਾ ਮਹੱਤਵਪੂਰਨ ਹੈ, ਖਾਸ ਕਰਕੇ ਉਹਨਾਂ ਲਈ, ਜੋ ਸੋਮਵਾਰ, 26 ਅਕਤੂਬਰ, 2026 ਨੂੰ Mississauga ਦੀਆਂ 2026 ਦੀਆਂ ਮਿਊਨਿਸਿਪਲ ਚੋਣਾਂ (2026 Municipal Election) ਵਿੱਚ ਉਮੀਦਵਾਰ ਵਜੋਂ ਚੋਣ ਲੜਨ ਬਾਰੇ ਸੋਚ ਰਹੇ ਹਨ।

ਹਰ ਚਾਰ ਸਾਲਾਂ ਬਾਅਦ, ਯੋਗ ਵੋਟਰ ਇੱਕ ਮੇਅਰ ਅਤੇ 11 ਸਿਟੀ ਕੌਂਸਲਰਾਂ ਦੀ ਚੋਣ ਕਰਦੇ ਹਨ। ਇਕੱਠੇ, ਉਹ Mississauga ਦੀ ਸਿਟੀ ਕੌਂਸਲ (City Council) ਬਣਾਉਂਦੇ ਹਨ, ਜੋ ਸ਼ਹਿਰ ਦੀ ਚੁਣੀ ਹੋਈ ਗਵਰਨਿੰਗ ਬਾੱਡੀ (City's elected governing body) ਹੈ।

## ਸਿਟੀ ਕੌਂਸਲ ਕਿਉਂ ਮਾਇਨੇ ਰੱਖਦੀ ਹੈ

ਭਾਵੇਂ ਇੱਕ ਕੌਂਸਲਰ ਵਜੋਂ ਇੱਕ ਵਾਰਡ ਦੀ ਨੁਮਾਇੰਦਗੀ ਕਰਨਾ ਹੋਵੇ ਜਾਂ ਮੇਅਰ ਵਜੋਂ ਕੰਮ ਕਰਨਾ ਹੋਵੇ, ਕੌਂਸਲ ਦੇ ਮੈਂਬਰਾਂ ਨੂੰ ਸ਼ਹਿਰ ਦੀ ਅਗਵਾਈ ਕਰਨ ਅਤੇ ਵਸਨੀਕਾਂ ਦੀ ਨੁਮਾਇੰਦਗੀ ਕਰਨ ਲਈ ਚੁਣਿਆ ਜਾਂਦਾ ਹੈ। ਉਹ ਵਸਨੀਕਾਂ, ਕਮਿਊਨਿਟੀ ਗਰੁੱਪਾਂ, ਭਾਈਵਾਲ ਏਜੰਸੀਆਂ ਅਤੇ ਸਰਕਾਰ ਦੇ ਹੋਰ ਮਹਿਕਮਿਆਂ ਵਿਚਕਾਰ ਇੱਕ ਕੜੀ ਵਜੋਂ ਕੰਮ ਕਰਦੇ ਹਨ।

ਕੌਂਸਲ ਦੇ ਮੈਂਬਰ, Mississauga ਲਈ ਤਰਜੀਹਾਂ ਨਿਰਧਾਰਤ ਕਰਨ ਅਤੇ ਵਸਨੀਕਾਂ ਅਤੇ ਕਾਰੋਬਾਰਾਂ ਦੀ ਤਰਫੋਂ ਫੈਸਲੇ ਲੈਣ ਵਿੱਚ ਮਦਦ ਕਰਦੇ ਹਨ। ਉਹ ਪੂਰੇ ਸ਼ਹਿਰ ਦੀਆਂ ਲੋੜਾਂ ਅਤੇ ਲੋਕਲ ਕਮਿਊਨਿਟੀਜ ਦੀਆਂ ਲੋੜਾਂ ਵਿਚਕਾਰ ਸੰਤੁਲਨ ਬਣਾਉਂਦੇ ਹਨ। ਇਸੇ ਲਈ ਵੋਟ ਪਾਉਣਾ ਮਾਇਨੇ ਰੱਖਦਾ ਹੈ।

ਸਿਟੀ ਕੌਂਸਲ ਨੂੰ ਇੱਕ ਸਪੱਸ਼ਟ ਅਤੇ ਨਿਯੰਤਰਿਤ ਲੋਕਤੰਤਰੀ ਚੋਣ ਪ੍ਰਕਿਰਿਆ ਰਾਹੀਂ ਚੁਣਿਆ ਜਾਂਦਾ ਹੈ। Ontario ਵਿੱਚ ਮਿਊਨਿਸਿਪਲ ਚੋਣਾਂ, *ਮਿਊਨਿਸਿਪਲ ਇਲੈਕਸ਼ਨਜ਼ ਐਕਟ 1996 (Municipal Elections Act, 1996)* ਦੀ ਪਾਲਣਾ ਕਰਦੀਆਂ ਹਨ, ਜਿਸ ਵਿੱਚ

ਇਹ ਨਿਯਮ ਤੈਅ ਕੀਤੇ ਗਏ ਹਨ ਕਿ ਕੌਣ ਵੋਟ ਪਾ ਸਕਦਾ ਹੈ, ਕੌਣ ਚੋਣ ਲੜ ਸਕਦਾ ਹੈ, ਅਤੇ ਮੁਹਿੰਮਾਂ ਅਤੇ ਵੋਟਿੰਗ ਕਿਵੇਂ ਕੀਤੀ ਜਾਂਦੀ ਹੈ। ਪੂਰੇ ਸੂਬੇ ਲਈ ਇਹ ਨਿਯਮ, ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਨ ਕਿ ਚੋਣਾਂ ਨਿਰਪੱਖ ਅਤੇ ਇਕਸਾਰ ਹੋਣ, ਅਤੇ ਵਸਨੀਕਾਂ ਨੂੰ ਵਿਸ਼ਵਾਸ ਦਿੰਦੇ ਹਨ ਕਿ ਸਿਟੀ ਕੌਂਸਲ ਕਮਿਊਨਿਟੀ ਦੀ ਮਰਜ਼ੀ ਬਾਰੇ ਸੋਚਦੀ ਹੈ।

## ਚੁਣੇ ਹੋਏ ਅਧਿਕਾਰੀ ਕੀ ਕਰਦੇ ਹਨ

ਚੁਣੇ ਹੋਏ ਅਧਿਕਾਰੀ ਵਸਨੀਕਾਂ ਦੀ ਗੱਲ ਸੁਣ ਕੇ, ਵੱਖ-ਵੱਖ ਦ੍ਰਿਸ਼ਟੀਕੋਣਾਂ 'ਤੇ ਵਿਚਾਰ ਕਰਕੇ ਅਤੇ ਕਮਿਊਨਿਟੀ ਦੀਆਂ ਲੋੜਾਂ ਨੂੰ ਦਰਸਾਉਣ ਵਾਲੇ ਫੈਸਲੇ ਲੈ ਕੇ, ਪਬਲਿਕ ਲਈ ਕੰਮ ਕਰਦੇ ਹਨ। ਉਹਨਾਂ ਦੀ ਭੂਮਿਕਾ ਅਗਵਾਈ, ਸ਼ਾਸਨ ਅਤੇ ਨਿਗਰਾਨੀ 'ਤੇ ਕੇਂਦਰਿਤ ਹੁੰਦੀ ਹੈ।

ਮੇਅਰ ਅਤੇ ਸਿਟੀ ਕੌਂਸਲ, ਸ਼ਹਿਰ ਦੇ ਕਰਮਚਾਰੀਆਂ ਜਾਂ ਰੋਜ਼ਾਨਾ ਦੇ ਕੰਮਾਂ ਦਾ ਪ੍ਰਬੰਧਨ ਨਹੀਂ ਕਰਦੇ। ਰੋਜ਼ਾਨਾ ਦੇ ਕੰਮਾਂ ਦੀ ਅਗਵਾਈ ਸਿਟੀ ਮੈਨੇਜਰ (City Manager) ਅਤੇ ਚੀਫ ਐਡਮਿਨਿਸਟ੍ਰੇਟਰ ਆਫਿਸਰ (ਸੀ.ਏ.ਓ.) (Chief Administrative Officer) (CAO) ਦੁਆਰਾ ਕੀਤੀ ਜਾਂਦੀ ਹੈ। ਸੀ.ਏ.ਓ., ਸ਼ਹਿਰ ਦਾ ਸਭ ਤੋਂ ਸੀਨੀਅਰ ਸਟਾਫ ਮੈਂਬਰ ਹੈ ਅਤੇ ਕੌਂਸਲ ਨੂੰ ਰਿਪੋਰਟ ਕਰਦਾ ਹੈ।

ਕੌਂਸਲ ਦੇ ਮੈਂਬਰਾਂ ਲਈ ਲਾਜ਼ਮੀ ਹੈ ਕਿ ਉਹ ਉਹਨਾਂ ਕਾਨੂੰਨਾਂ ਦੀ ਪਾਲਣਾ ਕਰਨ, ਜੋ ਉਹਨਾਂ ਦੇ ਫੈਸਲੇ ਲੈਣ ਦੀ ਪ੍ਰਕਿਰਿਆ ਦਾ ਮਾਰਗਦਰਸ਼ਨ ਕਰਦੇ ਹਨ, ਜਿਸ ਵਿੱਚ *ਮਿਊਨਿਸਿਪਲ ਐਕਟ (Municipal Act)* ਅਤੇ *ਪਲਾਨਿੰਗ ਐਕਟ (Planning Act)* ਸ਼ਾਮਲ ਹਨ।

## ਅਧਿਕਾਰਤ ਤੌਰ 'ਤੇ ਚੁਣੀਆਂ ਗਈਆਂ ਭੂਮਿਕਾਵਾਂ

ਇਸ ਸਾਲ, ਯੋਗ ਵੋਟਰ Mississauga ਦੀ ਨੁਮਾਇੰਦਗੀ ਕਰਨ ਲਈ ਮੇਅਰ ਅਤੇ ਆਪਣੇ ਵਾਰਡ ਦੀ ਨੁਮਾਇੰਦਗੀ ਕਰਨ ਲਈ ਇੱਕ ਕੌਂਸਲਰ ਚੁਣਨਗੇ। ਚੁਣੇ ਗਏ ਲੋਕ 2026-2030 ਦੀ ਮਿਆਦ ਲਈ ਸਿਟੀ ਅਤੇ ਰੀਜਨਲ ਕੌਂਸਲ ਵਿੱਚ ਕੰਮ ਕਰਨਗੇ।

ਹਰੇਕ ਕੌਂਸਲਰ ਇੱਕ ਖਾਸ ਵਾਰਡ ਦੀ ਨੁਮਾਇੰਦਗੀ ਕਰਦਾ ਹੈ ਅਤੇ ਉਹਨਾਂ ਲੋਕਲ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਦਾ ਹੈ, ਜੋ ਉਹਨਾਂ ਦੇ ਆਂਢ-ਗੁਆਂਢਾਂ ਅਤੇ ਕਮਿਊਨਿਟੀਜ ਨੂੰ ਪ੍ਰਭਾਵਿਤ ਕਰਦੇ ਹਨ।

ਮੇਅਰ ਅਤੇ ਸਿਟੀ/ਰੀਜਨਲ ਕੌਂਸਲਰਾਂ ਤੋਂ ਇਲਾਵਾ, ਵੋਟਰ ਸਕੂਲ ਬੋਰਡ ਦੇ ਟਰੱਸਟੀਆਂ (School Board Trustees) ਨੂੰ ਵੀ ਚੁਣਨਗੇ।

## Mississauga ਦਾ ਮੇਅਰ – ਕੌਂਸਲ ਦਾ ਮੁਖੀ

City of Mississauga
300 City Centre Drive
Mississauga, ON L5B 3C1



ਮੇਅਰ Mississauga ਦੀ ਕੌਂਸਲ ਦਾ ਮੁਖੀ, ਇੱਕ ਪਬਲਿਕ ਸ਼ਖਸੀਅਤ ਅਤੇ ਕਮਿਊਨਿਟੀ ਲੀਡਰ ਹੁੰਦਾ ਹੈ। ਮੇਅਰ, ਕੌਂਸਲ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਕਰਦਾ ਹੈ, ਸ਼ਹਿਰ ਦੀ ਰਣਨੀਤਕ ਦਿਸ਼ਾ ਤੈਅ ਕਰਨ ਵਿੱਚ ਮਦਦ ਕਰਦਾ ਹੈ ਅਤੇ ਅਧਿਕਾਰਤ ਸਮਾਗਮਾਂ ਵਿੱਚ Mississauga ਦੀ ਨੁਮਾਇੰਦਗੀ ਕਰਦਾ ਹੈ।

ਮੇਅਰ ਬੋਰਡਾਂ ਅਤੇ ਕਮੇਟੀਆਂ ਵਿੱਚ ਵੀ ਕੰਮ ਕਰਦੇ ਹਨ, ਰਸਮੀ ਡਿਊਟੀਜ ਵਿੱਚ ਹਿੱਸਾ ਲੈਂਦੇ ਹਨ ਅਤੇ ਉਹਨਾਂ ਕੋਲ ਦਸਤਖਤ ਕਰਨ ਦਾ ਅਧਿਕਾਰ ਹੁੰਦਾ ਹੈ।

## ਸ਼ਹਿਰੀ/ਰੀਜਨਲ ਕੌਂਸਲਰ

ਸਿਟੀ ਕੌਂਸਲਰ, ਜਿਨ੍ਹਾਂ ਨੂੰ ਵਾਰਡ ਕੌਂਸਲਰ ਵੀ ਕਿਹਾ ਜਾਂਦਾ ਹੈ, Mississauga ਦੇ 11 ਵਾਰਡਾਂ ਵਿੱਚੋਂ ਇੱਕ ਦੀ ਨੁਮਾਇੰਦਗੀ ਕਰਦੇ ਹਨ। ਇੱਕ ਵਾਰਡ ਸ਼ਹਿਰ ਦਾ ਇੱਕ ਭੂਗੋਲਿਕ ਖੇਤਰ ਹੈ (ward is a geographic area) , ਜਿਸਦਾ ਆਪਣਾ ਚੁਣਿਆ ਹੋਇਆ ਕੌਂਸਲਰ ਹੁੰਦਾ ਹੈ।

ਕੌਂਸਲਰ ਲੋਕਲ ਮੁੱਦਿਆਂ ਨੂੰ ਸਾਹਮਣੇ ਲਿਆਉਂਦੇ ਹਨ, ਨੀਤੀਆਂ ਅਤੇ ਪ੍ਰੋਜੈਕਟਾਂ 'ਤੇ ਸੁਝਾਅ ਦਿੰਦੇ ਹਨ, ਅਤੇ ਬਜਟ, ਬਾਇ-ਲਾਅਜ, ਯੋਜਨਾ ਬਿਨੈ-ਪੱਤਰਾਂ ਅਤੇ ਸੇਵਾ ਲੈਵਲਸ ਵਰਗੇ ਮਾਮਲਿਆਂ 'ਤੇ ਵੋਟ ਪਾਉਂਦੇ ਹਨ।

Mississauga ਵਿੱਚ, ਕੌਂਸਲਰ ਰੀਜਨ ਆਫ ਪੀਲ (Region of Peel) ਲਈ, ਰੀਜਨਲ ਕੌਂਸਲ (Regional Council) ਵਿੱਚ ਵੀ ਕੰਮ ਕਰਦੇ ਹਨ, ਜਿਸ ਵਿੱਚ Mississauga, Brampton ਅਤੇ Caledon ਸ਼ਾਮਲ ਹਨ। ਰੀਜਨਲ ਲੈਵਲ 'ਤੇ, ਉਹ ਮੁੱਖ ਸੜਕਾਂ, ਪਾਣੀ ਅਤੇ ਵੇਸਟਵਾਟਰ ਸਿਸਟਮਾਂ, ਪਬਲਿਕ ਹੈਲਥ ਅਤੇ ਸਮਾਜਿਕ ਸੇਵਾਵਾਂ ਵਰਗੀਆਂ ਸੇਵਾਵਾਂ ਦੀ ਨਿਗਰਾਨੀ ਕਰਨ ਵਿੱਚ ਮਦਦ ਕਰਦੇ ਹਨ।

## ਕੀ ਤੁਸੀਂ ਮਿਊਨਿਸਿਪਲ ਆਫਿਸ ਲਈ ਚੋਣ ਲੜਨ ਬਾਰੇ ਸੋਚ ਰਹੇ ਹੋ?

ਮੇਅਰ ਜਾਂ ਸਿਟੀ ਕੌਂਸਲਰ ਵਜੋਂ ਕੰਮ ਕਰਨ ਲਈ ਕਾਫ਼ੀ ਸਮੇਂ ਦੀ ਲੋੜ ਹੁੰਦੀ ਹੈ। ਇਸ ਭੂਮਿਕਾ ਵਿੱਚ ਅਕਸਰ ਆਮ ਕੰਮਕਾਜੀ ਘੰਟਿਆਂ ਤੋਂ ਬਾਅਦ, ਸ਼ਾਮ ਨੂੰ ਅਤੇ ਵੀਕੈਂਡਸ ਨੂੰ ਵੀ ਕੰਮ ਕਰਨਾ ਪੈਂਦਾ ਹੈ। ਕੌਂਸਲ ਦੇ ਮੈਂਬਰਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਹਰ ਸਮੇਂ ਅਤੇ ਕਿਸੇ ਵੀ ਦਿਨ, ਸ਼ਹਿਰ ਦੇ ਕਈ ਤਰ੍ਹਾਂ ਦੇ ਮੁੱਦਿਆਂ ਤੋਂ ਜਾਣੂ ਰਹਿਣ ਅਤੇ ਉਹਨਾਂ 'ਤੇ ਜਵਾਬ ਦੇਣ।

ਜ਼ਿਆਦਾਤਰ ਕੰਮ ਕੌਂਸਲ ਦੀਆਂ ਰਸਮੀ ਮੀਟਿੰਗਾਂ ਤੋਂ ਬਾਹਰ ਹੁੰਦਾ ਹੈ। ਇਸ ਵਿੱਚ ਰਿਪੋਰਟਾਂ ਦੀ ਸਮੀਖਿਆ ਕਰਨਾ, ਬ੍ਰੀਫਿੰਗਾਂ ਵਿੱਚ ਸ਼ਾਮਲ ਹੋਣਾ, ਵਸਨੀਕਾਂ ਦੇ ਸਵਾਲਾਂ ਦੇ ਜਵਾਬ ਦੇਣਾ, ਵਾਰਡ ਦੀਆਂ ਮੀਟਿੰਗਾਂ ਦੀ ਮੇਜ਼ਬਾਨੀ ਕਰਨਾ, ਕਮੇਟੀਆਂ ਜਾਂ ਸਲਾਹਕਾਰ ਬੋਰਡਾਂ ਵਿੱਚ ਕੰਮ ਕਰਨਾ, ਅਤੇ ਕਮਿਊਨਿਟੀ ਕਾਰਜਕਰਮਾਂ ਵਿੱਚ ਹਿੱਸਾ ਲੈਣਾ ਸ਼ਾਮਲ ਹੋ ਸਕਦਾ ਹੈ।

ਕੌਂਸਲ ਦੇ ਮੈਂਬਰਾਂ ਦੀ ਉੱਚੇ ਲੈਵਲ ਦੀ ਪਬਲਿਕ ਜਵਾਬਦੇਹੀ ਹੁੰਦੀ ਹੈ। ਉਹ ਵਸਨੀਕਾਂ ਨਾਲ ਵਿਅਕਤੀਗਤ ਤੌਰ 'ਤੇ, ਫ਼ੋਨ ਰਾਹੀਂ, ਈਮੇਲ ਰਾਹੀਂ ਅਤੇ ਸੋਸ਼ਲ ਮੀਡੀਆ ਰਾਹੀਂ ਗੱਲਬਾਤ ਕਰਦੇ ਹਨ। ਉਹਨਾਂ ਨੂੰ ਲਾਜ਼ਮੀ ਤੌਰ 'ਤੇ ਵੱਖ-ਵੱਖ ਲੋੜਾਂ ਅਤੇ ਤਰਜੀਹਾਂ ਵਿੱਚ ਸੰਤੁਲਨ ਬਣਾਉਂਦੇ ਹੋਏ ਫੈਸਲੇ ਵੀ ਲੈਣੇ ਪੈਂਦੇ ਹਨ।

ਕੌਂਸਲ ਦੇ ਮੈਂਬਰਾਂ ਨੂੰ ਪਬਲਿਕ, ਆਪਣੇ ਸਾਥੀਆਂ ਜਾਂ ਸਰਕਾਰ ਦੇ ਹੋਰ ਮਹਿਕਮਿਆਂ ਵੱਲੋਂ ਆਲੋਚਨਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਚਾਹੇ ਉਹ ਮੀਟਿੰਗਾਂ ਵਿੱਚ ਹੋਵੇ, ਵਿਅਕਤੀਗਤ ਤੌਰ 'ਤੇ ਹੋਵੇ ਜਾਂ ਔਨਲਾਈਨ। ਉਹਨਾਂ ਨੂੰ ਲਾਜ਼ਮੀ ਤੌਰ 'ਤੇ ਸ਼ਹਿਰ ਦੀਆਂ ਨੀਤੀਆਂ ਅਤੇ Ontario ਦੇ ਕਾਨੂੰਨਾਂ ਦੀ ਵੀ ਪਾਲਣਾ ਕਰਨੀ ਪੈਂਦੀ ਹੈ, ਜਿਸ ਵਿੱਚ ਗੁਪਤ ਜਾਣਕਾਰੀ ਨੂੰ ਸੰਭਾਲਣ ਬਾਰੇ ਨਿਯਮ ਸ਼ਾਮਲ ਹਨ।

ਜੇ ਤੁਸੀਂ ਮੇਅਰ ਜਾਂ ਸਿਟੀ ਕੌਂਸਲਰ ਵਜੋਂ ਚੋਣ ਲੜਨ ਬਾਰੇ ਸੋਚ ਰਹੇ ਹੋ, ਤਾਂ ਇਸ ਭੂਮਿਕਾ ਨਾਲ ਜੁੜੀਆਂ ਜ਼ਿੰਮੇਵਾਰੀਆਂ, ਉਮੀਦਾਂ, ਸਮੇਂ ਦੀ ਵਚਨਬੱਧਤਾ ਅਤੇ ਨਿੱਜੀ ਕੁਰਬਾਨੀਆਂ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ।

## ਉਮੀਦਵਾਰਾਂ ਲਈ ਵਸੀਲੇ, ਜਾਣਕਾਰੀ ਅਤੇ ਨਾਮਜ਼ਦਗੀਆਂ

ਅਗਲੇ ਕੁਝ ਮਹੀਨਿਆਂ ਵਿੱਚ, ਦਿਲਚਸਪੀ ਰੱਖਣ ਵਾਲੇ ਉਮੀਦਵਾਰਾਂ ਨੂੰ Ontario ਦੀ ਐਸੋਸੀਏਸ਼ਨ ਆਫ ਮਿਊਨਿਸਿਪਲਟੀਜ (ਏ.ਐਮ.ਓ.) (Association of Municipalities of Ontario) (AMO) ਦੁਆਰਾ ਚਲਾਈਆਂ ਜਾਣ ਵਾਲੀਆਂ, ਮੁਫ਼ਤ ਉਮੀਦਵਾਰ ਵਰਕਸ਼ਾਪਾਂ (candidate workshops) ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

26 ਮਾਰਚ, 2026 ਨੂੰ ਹੋਏ 2026 ਦੇ ਮਿਊਨਿਸਿਪਲ ਚੋਣ ਉਮੀਦਵਾਰ ਜਾਣਕਾਰੀ ਸੈਸ਼ਨ (Municipal Election Candidate Information Session) ਨੂੰ ਦੇਖੋ (Watch) ।

ਉਮੀਦਵਾਰਾਂ ਦੀ ਨਾਮਜ਼ਦਗੀ ਸ਼ੁੱਕਰਵਾਰ, 1 ਮਈ ਨੂੰ ਸਵੇਰੇ 8:30 ਵਜੇ ਸ਼ੁਰੂ ਹੋਵੇਗੀ। ਨਾਮਜ਼ਦਗੀ ਦੀ ਮਿਆਦ ਸ਼ੁੱਕਰਵਾਰ, 21 ਅਗਸਤ ਨੂੰ ਦੁਪਹਿਰ 2 ਵਜੇ ਤੱਕ ਹੈ।

ਹਰ ਯੋਗ ਉਮੀਦਵਾਰ ਕੋਲ Mississauga ਦੇ ਅਗਲੇ ਚੈਪਟਰ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨ ਦੀ ਤਾਕਤ ਹੈ। ਆਫਿਸ ਲਈ ਚੋਣ ਲੜਨ ਬਾਰੇ ਜਾਣਨ ਲਈ, ਸ਼ਹਿਰ ਦੇ ਚੋਣਾਂ ਵਾਲੇ ਪੰਨੇ (City's elections page) 'ਤੇ ਜਾਓ।

## ਹੋਰ ਜਾਣੋ

Mississauga ਦੀਆਂ 2026 ਦੀਆਂ ਮਿਊਨਿਸਿਪਲ ਚੋਣਾਂ ਵਿੱਚ ਵੋਟਿੰਗ ਬਾਰੇ ਜਾਣਕਾਰੀ ਲਈ, ਜਿਸ ਵਿੱਚ ਉਪਲਬਧ ਹੋਣ 'ਤੇ ਅੱਪਡੇਟ ਸ਼ਾਮਲ ਹਨ, mississauga.ca/election 'ਤੇ ਜਾਓ।

- ਮਿਊਨਿਸਿਪਲ ਇਲੈਕਸ਼ਨਜ਼ ਐਕਟ, 1996 (Municipal Elections Act, 1996)
- ਵੋਟਰਾਂ ਲਈ ਜਾਣਕਾਰੀ (Information for voters)
- ਉਮੀਦਵਾਰਾਂ ਲਈ ਜਾਣਕਾਰੀ (Information for candidates)
- ਵੋਟ ਪਾਉਣ ਤੋਂ ਪਹਿਲਾਂ (Before you vote)

ਮਿਊਨਿਸਿਪਲ ਚੋਣਾਂ ਬਾਰੇ ਸਵਾਲਾਂ ਲਈ, ਇਲੈਕਸ਼ਨਜ਼ ਆਫਿਸ (Elections Office) ਨਾਲ ਫ਼ੋਨ 'ਤੇ 905-615-8683 'ਤੇ, ਈਮੇਲ ਰਾਹੀਂ, election.office@mississauga.ca 'ਤੇ ਜਾਂ ਔਨਲਾਈਨ ਸੰਪਰਕ ਫਾਰਮ ( online contact form) ਰਾਹੀਂ ਸੰਪਰਕ ਕਰੋ।

-30-


**ਮੀਡੀਆ ਸੰਪਰਕ**

Mississauga ਸ਼ਹਿਰ ਮੀਡੀਆ ਰਿਲੇਸ਼ਨਸ
media@mississauga.ca
905-615-3200, ਐਕਸਟੈਂਸ਼ਨ 5232
TTY: 905-896-5151